ਮੰਗਲਵਾਰ
16, ਫ਼ਰਵਰੀ 2010
5 ਫੱਗਣ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 305,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਹੇਠਲੇ ਪੱਧਰ ਤੱਕ ਸਹੂਲਤਾਂ ਦੇਣ ਦਾ ਯਤਨ 3

ਸੰਪਾਦਕੀ
ਔਰਤਾਂ ਖਿਲਾ.ਫ ਵੱਧ ਰਹੇ ਅਪਰਾਧ 4


ਸਿੱਖ ਧਰਮ
ਦਰਸਨੁ ਦੇਖਿ ਜੀਵਾ ਗੁਰ ਤੇਰਾ 8

ਪੂਣੇ ਧਮਾਕੇ ਦੇ ਅਹਿਮ ਸੁਰਾਗ ਹੱਥ ਲੱਗੇ

ਪੂਣੇ, 15 ਫਰਵਰੀ (ਵਿਸ਼ਵ ਵਾਰਤਾ)- ਓਸ਼ੋ ਆਸ਼ਰਮ ਅਤੇ ਯਹੂਦੀਆਂ ਦੇ ਪ੍ਰਾਰਥਨਾ ਸਥਾਨ ਦੇ ਕੋਲ ਸਥਿਤ ਮਸ਼ਹੂਰ ਜਰਮਨ ਬੇਕਰੀ ਵਿੱਚ ਬੀਤੇ ਸ਼ਨੀਵਾਰ ਨੂੰ ਹੋਏ ਬੰਬ ਧਮਾਕੇ ਦੇ ਸੰਬੰਧ ਵਿੱਚ ਪੁਲਿਸ ਨੂੰ ਅਹਿਮ ਸੁਰਾਗ ਮਿਲੇ ਹਨ। ਸੂਤਰਾਂ ਅਨੁਸਾਰ ਜਰਮਨ ਬੇਕਰੀ ਅਤੇ ਉਸ ਦੇ ਠੀਕ ਸਾਹਮਣੇ ਸਥਿਤ ਓ ਹੋਟਲ ਦੇ ਸੀ.ਸੀ.ਟੀ.ਵੀ. ਫੁਟੇਜ ਤੋਂ ਇਹ ਅਹਿਮ ਸੁਰਾਗ ਮਿਲੇ ਹਨ। ਇਸ ਸੀ.ਸੀ.ਟੀ.ਵੀ. ਫੁਟੇਜ ਵਿੱਚ ਦੋ ਸ਼ੱਕੀ ਨਜ਼ਰ ਆ ਰਹੇ ਹਨ। ਇੱਕ ਸ਼ੱਕੀ ਦੇ ਹੱਥ ਵਿੱਚ ਬੈਗ ਹੈ ਜਦਕਿ ਦੂਸਰਾ ਸ਼ੱਕੀ ਮੋਬਾਇਲ 'ਤੇ ਗੱਲ ਰਿਹਾ ਹੈ। ਇਸ ਦੌਰਾਨ ਕੇਂਦਰ ਸਰਕਾਰ ਨੇ ਮਹਾਰਾਸ਼ਟਰ ਸਰਕਾਰ ਨੂੰ ਇਹਨਾਂ ਧਮਾਕਿਆਂ ਬਾਰੇ ਕੁਝ ਹੋਰ ਸੁਰਾਗ ਦੇਣ ਵਾਲਿਆਂ ਨੂੰ ਇੱਕ ਕਰੋੜ ਰੁਪਏ ਇਨਾਮ ਦੇਣ ਦਾ ਸੁਝਾਅ ਦਿੱਤਾ ਹੈ। ਰਾਜ ਸਰਕਾਰ ਨੂੰ ਦਿੱਤੀ ਗਈ ਸਲਾਹ ਵਿੱਚ ਕਿਹਾ ਗਿਆ ਹੈ ਕਿ ਸੁਰਾਗ ਦੇਣ ਵਾਲਾ ਦਾ ਨਾਮ, ਪਤਾ ਗੁਪਤ ਰੱਖਿਆ ਜਾਏ। ਰਾਜ ਸਰਕਾਰ ਇਸ 'ਤੇ ਵਿਚਾਰ ਕਰ ਸਕਦੀ ਹੈ। ਹਾਲਾਂਕਿ ਸੁਰੱਖਿਆ ਕਾਰਨਾਂ ਕਰਕੇ ਪੁਲਿਸ ਨੇ ਸੀ.ਸੀ.ਸੀ.ਟੀ. ਫੁਟੇਜ ਤੋਂ ਮਿਲੀਆਂ ਜਾਣਕੀਆਂ ਦਾ ਖੁਲਾਸਾ ਨਹੀਂ ਕੀਤਾ ਹੈ।ਪੁਣੇ ਬਲਾਸਟ ਦੇ ਪਿੱਛੇ ਇੰਡੀਅਨ ਮੁਜਾਹਿਦੀਨ ਦਾ ਹੱਥ ਹੋਣ ਦਾ ਸ਼ੱਕ ਹੋਰ ਗਹਿਰਾ ਗਿਆ ਹੈ। ਬਾਟਲਾ ਹਾਊਸ ਐਨਕਾਊਂਟਰ ਦੇ ਦੋਸ਼ੀ ਸ਼ਾਹਜ਼ਾਦ ਨੇ ਪੂਣੇ ਧਮਾਕੇ ਵਿੱਚ ਇੱਕ ਅਹਿਮ ਖੁਲਾਸਾ ਕੀਤਾ ਹੈ। ਸ਼ਾਹਜ਼ਾਦ ਇੰਡੀਅਨ ਮੁਜਾਹਿਦੀਨ ਦਾ ਅੱਤਵਾਦੀ ਹੈ ਅਤੇ ਫਿਲਹਾਲ ਪੁਲਿਸ ਦੀ ਪਕੜ ਵਿੱਚ ਹੈ। ਪੁੱਛਗਿੱਛ ਵਿੱਚ ਉਸ ਨੇ ਖੁਲਾਸਾ ਕੀਤਾ ਹੈ ਕਿ ਪੁਣੇ ਕਾਫ਼ੀ ਸਮੇਂ ਤੋਂ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਸੀ। ਜ਼ਿਕਰਯੋਗ ਹੈ ਕਿ ਪੁਣੇ ਕਾਰੇਗਾਂਵ ਇਲਾਕੇ ਵਿੱਚ ਸਥਿਤ ਜਰਮਨ ਬੇਕਰੀ ਵਿੱਚ ਕੱਲ੍ਹ ਸ਼ਾਮ ਲਗਭਗ 7 ਵਜੇ ਇੱਕ ਜ਼ਬਰਦਸਤ ਧਮਾਕਾ ਹੋਇਆ ਸੀ। ਧਮਾਕੇ ਵਿੱਚ 12 ਲੋਕ ਮਾਰੇ ਗਏ ਜਦਕਿ ਲਗਭਗ 55 ਜ਼ਖਮੀ ਹੋਏ ਸਨ। ਹਾਲਾਂਕਿ, ਅਧਿਕਾਰਿਕ ਤੌਰ 'ਤੇ ਸਿਰਫ਼ 9 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ।

ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੀ ਹਰ ਸੰਭਵ ਸਹਾਇਤਾ ਕਰਾਂਗੇ-ਬਾਦਲ

ਪਿੰਡ ਬੁੱਢੇਵਾਲ 'ਚ 57ਵੀਆਂ ਚਾਰ ਰੋਜ਼ਾ ਖੇਡਾਂ ਦੇ ਇਨਾਮ ਵੰਡੇ

ਲੁਧਿਆਣਾ/ਕੁਹਾੜਾ, 15 ਫਰਵਰੀ (ਰਾਜ ਜੋਸ਼ੀ/ਗੁਰਨਾਮ)- ਪੰਜਾਬ ਦੇ ਮੁੱਖ ਮੰਤਰੀ ਸ: ਪਰਕਾਸ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਦਾ ਨਾਂ ਅੰਤਰ ਰਾਸ਼ਟਰੀ ਪੱਧਰ ਤੇ ਰੌਸ਼ਨ ਕਰਨ ਵਾਲੇ ਖਿਡਾਰੀਆਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ ਅਤੇ ਉਲਿੰਪਕ ਖੇਡਾਂ ਵਿਚ ਮੈਡਲ ਜਿੱਤਣ ਵਾਲੇ ਖਿਡਾਰੀਆਂ ਲਈ ਵੱਡੀ ਰਾਸ਼ੀ ਰੱਖੀ ਗਈ ਹੈ। ਸ. ਬਾਦਲ ਅੱਜ ਇਥੋ 20 ਕਿਲੋਮੀਟਰ ਦੂਰ ਪਿੰਡ ਬੁੱਢੇਵਾਲ ਵਿਖੇ ਸਪੋਰਟਸ ਕਲੱਬ ਬੁੱਢੇਵਾਲ ਵਲੋ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਬੁੱਢੇਵਾਲ ਦੀਆਂ 57 ਵੀਆਂ ਚਾਰ ਰੋਜ਼ਾ ਖੇਡ ਮੇਲੇ ਦੇ ਇਨਾਮ ਵੰਡ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਸ. ਬਾਦਲ ਨੇ ਕਿਹਾ ਕਿ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਉਭਰਦੇ ਉਘੇ ਖਿਡਾਰੀਆਂ ਨੂੰ ਸਰਕਾਰੀ ਨੌਕਰੀਆਂ ਵੀ ਦਿੱਤੀਆਂ ਜਾਣਗੀਆਂ। ਉਹਨਾ ਕਿਹਾ ਕਿ ਖੇਡਾਂ ਮਨੁੱਖ ਦਾ ਇਕ ਜਰੂਰੀ ਅੰਗ ਹਨ ਅਤੇ ਜਿਥੇ ਖੇਡਾਂ ਨਾਲ ਸਾਡਾ ਸਰੀਰ ਰਿਸ਼ਟ-ਪੁਸ਼ਟ ਰਹਿੰਦਾ ਹੈ, ਉਥੇ ਇਨਸਾਨ ਮਾਨਸਿਕ ਤੌਰ ਤੇ ਤੰਦਰੁਸਤ ਰਹਿੰਦਾ ਹੈ। ਉਹਨਾ ਕਿਹਾ ਕਿ ਪੰਜਾਬ ਸਰਕਾਰ ਵਲੋ ਚੰਗੇ ਖਿਡਾਰੀ ਪੈਦਾ ਕਰਨ ਲਈ ਸਕੂਲ ਪੱਧਰ ਤੇ ਹੀ ਬੱਚਿਆਂ ਲਈ ਵੱਖ ਵੱਖ ਖੇਡਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਸਕੂਲਾਂ ਵਿਚ ਸਾਰੇ ਸਪੋਰਟਸ ਵਿੰਗ ਬਹਾਲ ਕੀਤੇ ਗਏ ਹਨ। ਉਹਨਾ ਕਿਹਾ ਕਿ ਖਿਡਾਰੀਆਂ ਨੂੰ ਉਹਨਾਂ ਦੀ ਜ਼ਰੂਰਤ ਮੁਤਾਬਿਕ ਵਧੀਆ ਕੋਚਿੰਗ ਮੁਹੱਈਆ ਕਰਵਾਈ ਜਾਵੇਗੀ ਅਤੇ ਖੇਡਾਂ ਦਾ ਸਾਰਾ ਸਾਜੋ ਸਮਾਨ ਵੀ ਮੁਹੱਈਆ ਕਰਵਾਇਆ ਜਾਵੇਗਾ। ਉਹਨਾ ਪਿੰਡ ਦੇ ਸਟੇਡੀਅਮ ਲਈ 10 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਸ. ਅਜਮੇਰ ਸਿੰਘ ਲਖੋਵਾਲ ਚੇਅਰਮੈਨ ਪੰਜਾਬ ਮੰਡੀ ਬੋਰਡ ਦੇ ਗ੍ਰਹਿ ਵਿਖੇ ਪ੍ਰੈਸ ਕਾਨਫਰੰਸ ਵਿਚ ਇ ਕ

☛(ਬਾਕੀ ਸਫਾ 2 'ਤੇ)

ਹਰਿਆਣਾ ਦੇ ਸਾਬਕਾ ਡੀ.ਜੀ.ਪੀ. ਰਾਠੌਰ ਨੂੰ 5 ਅਪ੍ਰੈਲ ਤੱਕ ਮਿਲੀ ਰਾਹਤ

ਚੰਡੀਗੜ੍ਹ, 15 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)—ਅੱਜ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਹਰਿਆਣਾ ਦੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਐੱਸ.ਪੀ.ਐੱਸ. ਰਾਠੌਰ ਦੀ ਪੰਚਕੂਲਾ ਵਿੱਚ ਉਨ੍ਹਾਂ ਵਿਰੁੱਧ ਦੋ ਕੇਸਾਂ ਵਿੱਚ ਜਮਾਨਤ ਦੇਣ ਲਈ ਸੁਣਵਾਈ ਹੋਈ। ਜਿਸ ਵਿੱਚ ਇਹ ਕੇਸ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮੁੱਢਲੀ ਸੁਣਵਾਈ ਦੇ ਬਾਅਦ ਅਗਲੀ ਪੇਸ਼ੀ ਦੀ ਤਾਰੀਖ 5 ਅਪ੍ਰੈਲ ਪਾ ਦਿੱਤੀ ਹੈ। ਅੱਜ ਕੇਸ ਦੀ ਸੁਣਵਾਈ ਹਾਈਕੋਰਟ ਦੇ ਮਾਣਯੋਗ ਜੱਜ ਸ੍ਰੀਮਤੀ ਸਬੀਨਾ ਜੀ ਦੇ ਆਧਾਰ 'ਤੇ ਬੈਚ ਅੱਗੇ ਹੋਈ। ਜਿਸ ਵਿੱਚ ਐੱਸ.ਪੀ. ਐੱਸ. ਰਾਠੌਰ ਵਿਰੁੱਧ ਪੰਚਕੂਲਾ ਪੁਲਿਸ ਸਟੇਸ਼ਨ ਵਿੱਚ ਦਰਜ ਦੋ ਕੇਸਾਂ ਵਿੱਚ ਅਗਾਊਂ ਜਮਾਨਤ ਲਈ ਅਦਾਲਤੀ ਕਾਰਵਾਈ ਸ਼ੁਰੂ ਹੋਈ। ਸੀ.ਬੀ.ਆਈ. ਦੇ ਵਿਸ਼ੇਸ਼ ਵਕੀਲ ਨੇ ਮਾਣਯੋਗ ਹਾਈਕੋਰਟ ਵਿੱਚ ਇੱਕ ਅਰਜੀ ਪੇਸ਼ ਕਰਕੇ ਇਸ ਕੇਸ ਜਵਾਬ ਪੇਸ਼ ਕਰਨ ਲਈ ਸਮਾਂ ਮੰਗਿਆ। ਸੀ.ਬੀ.ਆਈ. ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਕੇਸਾਂ ਬਾਰੇ ਪੂਰਾ ਰਿਕਾਰਡ ਸੀ.ਬੀ.ਆਈ. ਨੂੰ ਅਜੇ ਨਹੀਂ ਮਿਲਿਆ। ਇਸ ਲਈ ਇਸ ਕੇਸ 'ਤੇ ਸਮਾਂ ਹੋਰ ਦਿੱਤਾ ਜਾਵੇ। ਇਸ ਤੋਂ ਮਾਣਯੋਗ ਦੀ ਅਗਲੀ ਪੇਸ਼ੀ ਪੰਜ ਅਪ੍ਰੈਲ 'ਤੇ ਪਾ ਦਿੱਤੀ ਅਤੇ ਮਾਣਯੋਗ ਅਦਾਲਤ ਵੱਲੋਂ ਐੱਸ.ਪੀ.ਐੱਸ. ਰਾਠੌਰ ਦੀ ਜੋ ਅੰਤਰਿਮ ਜਮਾਨਤ ਇਨ੍ਹਾਂ ਦੋ ਕੇਸਾਂ ਵਿੱਚ ਦਿੱਤੀ ਹੋਈ ਹੈ। ਉਹ ਵੀ ਪੰਜ ਅਪ੍ਰੈਲ ਤੱਕ ਵਧਾ ਦਿੱਤੀ ਹੈ। ਦੱਸਣਯੋਗ ਹੈ ਕਿ ਰੁਚਿਕਾ ਛੇੜਛਾੜ ਮਾਮਲੇ ਵਿੱਚ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਐੱਸ.ਪੀ.ਐੱਸ. ਰਾਠੌਰ ਵਿਰੁੱਧ ਸਵਰਗੀ ਰੁਚਿਕਾ ਦੇ ਭਰਾ ਆਸ਼ੂ ਨੇ ਉਸ ਨੂੰ ਟਾਰਚਰ ਕਰਨ, ਨਜਾਇਜ਼ ਝੂਠੇ ਕੇਸ ਬਣਾਉਣ ਵਿਰੁੱਧ ਐੱਸ.ਪੀ.ਐੱਸ. ਰਾਠੌਰ ਵਿਰੁੱਧ ਪੰਚਕੂਲਾ ਥਾਣੇ ਵਿੱਚ ਕੇਸ ਦਰਜ ਕਰਵਾਇਆ ਸੀ। ਇੱਕ ਕੇਸ ਰੁਚਿਕਾ ਦੇ ਪਿਤਾ ਸੁਭਾਸ਼ ਮਲਹੋਤਰਾ ਵੱਲੋਂ ਦਰਜ ਕਰਵਾਇਆ। ਦੋਵੇਂ ਕੇਸਾਂ ਉੱਤੇ ਅਗਾਊਂ ਜਮਾਨਤ ਲਈ ਅੱਜ ਸੁਣਵਾਈ ਹੋਈ ਸੀ।

ਅਧਿਆਪਕਾਂ ਨੂੰ ਅੰਗਰੇਜੀ ਭਾਸ਼ਾ 'ਚ ਮੁਹਾਰਤ ਲਈ ਇੰਗਲੈਂਡ ਕਰੇਗਾ ਮੱਦਦ

ਚੰਡੀਗੜ੍ਹ, 15 ਫਰਵਰੀ (ਹਰੀਸ ਚੰਦਰ ਬਾਗਾਵਾਲਾ)-ਪੰਜਾਬ ਸਰਕਾਰ ਵਲੋਂ ਅਧਿਆਪਕਾਂ ਨੂੰ ਅੰਗਰੇਜੀ ਭਾਸ਼ਾ ਬੋਲਣ ਵਿੱਚ ਮੁਹਾਰਤ ਦਿਵਾਉਣ ਲਈ ਇੱਕ ਸੰਸਥਾਗਤ ਸਿਖਲਾਈ ਪ੍ਰੋਗਰਾਮ ਲਈ ਯੂ.ਕੇ.ਸਰਕਾਰ ਅਤੇ ਬ੍ਰਿਟਿਸ ਕਾਊਂਸਲ ਨਾਲ ਤਾਲਮੇਲ ਕਰਨ ਦੀ ਸੰਭਾਵਨਾਂਵਾ ਦਾ ਪਤਾ ਲਗਾਇਆ ਜਾ ਰਿਹਾ ਹੈ ਅੱਜ ਇਥੇ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਦੀ ਰਿਹਾਇਸ਼'ਤੇ ਯੂ.ਕੇ.ਮੰਤਰੀ ਬਿਜਨਸ ਐਂਡ ਸਕਿੱਲ ਮਿਸਟਰ ਮੈਕਫੈਡਨ ਨਾਲ ਹੋਈ ਮੀਟਿੰਗ ਵਿੱਚ ਇਸ ਮੁੱਦੇ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੁੱਖ ਮੰਤਰੀ ਨੇ ਸ੍ਰੀ ਮੈਕਫੈਡਨ ਨੂੰ ਉੱਘੀਆਂ ਯੂ.ਕੇ.ਸੰਸਥਾਂਵਾਂ ਨਾਲ ਤਾਲਮੇਲ ਕਰਨ ਲਈ ਆਖਿਆ ਤਾਂ ਜੋ ਪੰਜਾਬ ਦੇ ਅਧਿਆਪਕਾਂ ਨੂੰ ਅੰਗਰੇਜੀ ਭਾਸ਼ਾ ਵਿੱਚ ਮੁਹਾਰਤ ਦਿਵਾਉਣ ਅਤੇ ਹੋਰ ਸੁਧਾਰ ਲਈ ਉਸ ਦੇਸ਼ ਤੋਂ ਅਧਿਆਪਾਕ 'ਥੋੜੇ ਸਮੇ ਦੇ ☛(ਬਾਕੀ ਸਫਾ 2 'ਤੇ)

ਹਰਸਿਮਰਤ ਕੌਰ ਬਾਦਲ ਨੇ ਕੀਤਾ ਤਲਵੰਡੀ ਸਾਬੋ ਹਲਕੇ ਦਾ ਦੌਰਾ

ਵੱਖ-ਵੱਖ ਪ੍ਰਾਜੈਕਟਾਂ ਦੇ ਰੱਖੇ ਨੀਂਹ ਪੱਥਰ, ਗ੍ਰਾਂਟਾਂ ਵੀ ਵੰਡੀਆਂ

ਤਲਵੰਡੀ ਸਾਬੋ, 15 ਫਰਵਰੀ (ਰਣਜੀਤ ਸਿੰਘ ਰਾਜੂ)-ਬਠਿੰਡਾ ਹਲਕੇ ਤੋਂ ਲੋਕ ਲਭਾ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਅੱਜ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਵੱਖ-ਵੱਖ ਪਿੰਡਾਂ ਦੇ ਦੌਰਾ ਕਰਕੇ ਜਿੱਥੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਉੱਥੇ ਉਨ੍ਹਾਂ ਕਈ ਵੱਡੇ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਵੀ ਰੱਖੇ। ਆਪਣੇ ਦੌਰੇ ਦੌਰਾਨ ਸਭ ਤੋਂ ਪਹਿਲਾਂ ਬੀਬਾ ਹਰਸਿਮਰਤ ਕੌਰ ਬਾਦਲ ਨੇ ਹਲਕੇ ਦੇ ਸਭ ਤੋਂ ਵੱਡੇ ਪਿੰਡ ਜਗ੍ਹਾ ਰਾਮ ਤੀਰਥ ਵਿਖੇ 5 ਕਰੋੜ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਏ 66 ਕੇ.ਵੀ. ਗਰਿੱਡ ਸਬ ਸਟੇਸ਼ਨ ਦਾ ਉਦਘਾਟਨ ਬਟਨ ਦਬਾ ਕੇ ਕੀਤਾ। ਅੱਜ ਉਨ੍ਹਾਂ ਨੇ ਬੀਤੇ ਸਮੇਂ ਵਿੱਚ ਆਪਣੇ ਆਪ ਨੂੰ ਵਿਕਾਊ ਘੋਸ਼ਿਤ ਕਰ ਚੁੱਕੇ ਪਿੰਡ ਨੰਗਲਾ ਦੀ ਸਭ ਤੋਂ ਵੱਡੀ ਸਮੱਸਿਆ ਨਹਿਰੀ ਪਾਣੀ ਨਾ ਪਹੁੰਚਣ ਦਾ ਹੱਲ ਕਰਦਿਆਂ ਨਵਾਂ ਮੋਘਾ ਲਾ ਕੇ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਪਾਣੀ ਦੀਆਂ ਪਾਈਪਾਂ ਲਾਉਣ ਦਾ ਨੀਂਹ ☛(ਬਾਕੀ ਸਫਾ 2 'ਤੇ)

ਟੈਕਸ ਨਹੀਂ ਭਰੇ

ਕਾਂਗਰਸ ਦਾ ਦ.ਫਤਰ ਹੋਣ ਲੱਗਾ ਕੁਰਕ

ਚੰਡੀਗੜ੍ਹ, 15 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਚੰਡੀਗੜ੍ਹ ਸਥਿਤ ਸੈਕਟਰ-15 ਪੰਜਾਬ ਕਾਂਗਰਸ ਨੂੰ ਖਤਰੇ ਦੇ ਬੱਦਲ ਮੰਡਰਾ ਰਹੇ ਹਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਸ ਸੂਬਾ ਦਫਤਰ ਨੂੰ ਬੰਦ ਕਰਨ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੰਡੀਗੜ੍ਹ ਕਾਰਪੋਰੇਸ਼ਨ ਵੱਲੋਂ ਪ੍ਰਾਪਰਟੀ ਟੈਕਸ ਨਾ ਭਰਨ ਕਰਕੇ ਪੰਜਾਬ ਕਾਂਗਰਸ ਦੇ ਦਫਤਰ ਨੂੰ ਅਟੈਚ ਕਰਨ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਿਛਲੇ ਕਈ ਸਾਲਾਂ ਤੋਂ ਬਕਾਇਆ ਪਏ 6.59 ਲੱਖ ਦੇ ਪ੍ਰਾਪਰਟੀ ਟੈਕਸ ਨੂੰ ਭਰਨ ਵਿੱਚ ਸੂਬਾ ਕਾਂਗਰਸ ਦਫਤਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ, ਜਦੋਂ ਕਿ 35 ਲੱਖ ਦੇ ਕਰੀਬ ਮੈਂਬਰਸ਼ਿਪ ਭਰਤੀ ਕਰਕੇ ਦਫਤਰ ਨੂੰ ਕਰੋੜਾਂ ਦੀ ਆਮਦਨ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਸ਼ਾਸਨ ☛(ਬਾਕੀ ਸਫਾ 2 'ਤੇ)

ਕਾਰਪੋਰੇਸ਼ਨ ਅਧਿਕਾਰੀ, ਕੌਂਸਲਰ ਆਪਣੀਆਂ ਜ਼ਿਮੇਵਾਰੀਆਂ ਨਿਭਾਉਣ- ਵਿਕਾਸ ਮੰਚ

ਅੰਮ੍ਰਿਤਸਰ, (ਮੋਤਾ ਸਿੰਘ)- ਅੰਮ੍ਰਿਤਸਰ ਵਿਕਾਸ ਮੰਚ ਦੀ ਕਾਰਜਕਾਰਨੀ ਮੀਟਿੰਗ ਸਥਾਨਕ ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੋਈ, ਜਿਸ ਵਿੱਚ ਸ਼ਹਿਰ ਨੂੰ ਦਰਪੇਸ਼ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੰਚ ਦੇ ਜਨ: ਸਕੱਤਰ ਸ੍ਰੀ ਅੰਮ੍ਰਿਤ ਲਾਲ ਮੰਨਣ ਨੇ ਦੱਸਿਆ ਕਿ ਅੰਮ੍ਰਿਤਸਰ ਸ਼ਹਿਰ ਦੇ ਚੌਕਾਂ ਨੂੰ ਕਾਰਪੋਰੇਸ਼ਨ ਵੱਲੋਂ ਅਣਡਿੱਠਾ ਕੀਤਾ ਜਾਣ ਕਾਰਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ ਅਤੇ ਇਹ ਇਕ ਭੱਦਾ ਦ੍ਰਿਸ਼ ਪੈਦਾ ਕਰਦੇ ਹਨ। ਮੋਰਾਂ ਵਾਲਾ ਚੌਕ ਦਾ ਆਲਾ ਦੁਆਲਾ, ਸ਼ੇਰਾਂ ਵਾਲਾ ਗੇਟ, ਘਿਓ ਮੰਡੀ ਚੌਕ ਜਿੱਥੋਂ ਕਿ ਯਾਤਰੂ ਸ੍ਰੀ ਦਰਬਾਰ ਸਾਹਿਬ ਵੱਲ ਨੂੰ ਦਾਖਲ ਹੁੰਦੇ ਹਨ ਨੂੰ ਆਕਰਸ਼ਿਕ ਦਿੱਖ ਦੇਣ ਦੀ ਅਤਿਅੰਤ ਲੋੜ ਹੈ। ਇਸ ਮੀਟਿੰਗ ਵਿੱਚ ਚੌਕਾਂ ਵਿੱਚ ਬੁੱਤ ਲਗਾਉਣ ਦੀ ਨੀਤੀ ਵਿਰੁੱਧ ਵੀ ਵਿਚਾਰ ਕੀਤਾ ਗਿਆ, ਕਿਉਂਕਿ ਭਵਿੱਖ ਵਿੱਚ ਜੇ ਇਨ੍ਹਾਂ ਚੌਕਾਂ ਵਿੱਚ ਟਰੈਫਿਕ ਲਾਈਟਾਂ ਲਗਾਉਣੀਆਂ ਹੋਣ ਤਾਂ ਇਨ੍ਹਾਂ ਬੁੱਤਾਂ ਨੂੰ ਹਟਾਉਣਾ ਮੁਸ਼ਕਿਲ ਹੋ ਜਾਵੇਗਾ। ਚੌਕਾਂ ਨੂੰ ਛੋਟਾ ਕਰਨਾ ਵੀ ਟਰੈਫਿਕ ਸਮੱਸਿਆ ਦਾ ਹੱਲ ਨਹੀਂ। ਮੰਚ ਮੈਂਬਰਾਂ ਦਾ ਵਿਚਾਰ ਸੀ ਕਿ ਜਾਂ ਤਾਂ ਚੌਰਾਹੇ ਦਾ ਗੋਲ ਦਾਇਰਾ ਵੱਡਾ ਹੋਵੇ ਜਾਂ ਫਿਰ ਉਸ ਨੂੰ ਹਟਾ ਕੇ ਟਰੈਫਿਕ ਲਾਈਟਾਂ ਲਗਾਈਆਂ ਜਾਣ। ਮੰਚ ਦੇ ਪ੍ਰਧਾਨ ਸ੍ਰ: ਮਨਮੋਹਨ ਸਿੰਘ ਨੇ ਕਿਹਾ ਕਿ ☛(ਬਾਕੀ ਸਫਾ 2 'ਤੇ)

ਅੱਤਵਾਦ ਵਿਰੁੱਧ ਕਾਰਗਰ ਉਪਰਾਲੇ ਕਰਨ ਦੀ ਲੋੜ-ਮਾਇਆਵਤੀ

ਲਖਨਊ, 15 ਫਰਵਰੀ (ਵਿਸ਼ਵ ਵਾਰਤਾ)- ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਨੇ ਕਿਹਾ ਹੈ ਕਿ ਅੱਤਵਾਦ ਦਾ ਸਥਾਈ ਹੱਲ ਕੱਢਿਆ ਜਾਣਾ ਚਾਹੀਦਾ ਹੈ। ਅੱਜ ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਮਾਇਆਵਤੀ ਨੇ ਪੁਣੇ ਵਿਚ ਹੋਏ ਬੰਬ ਧਮਾਕੇ ਦੀ ਸਖ਼ਤ ਨਿਖੇਧੀ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੀਆਂ ਅੱਤਵਾਦੀ ਘਟਨਾਵਾਂ ਨੂੰ ਰੋਕਣ ਲਈ ਤੁਰੰਤ ਠੋਸ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਾਰਨ ਪੂਰੇ ਦੇਸ਼ ਵਿਚ ਹਾਲਾਤ ਤਣਾਅਪੂਰਨ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅੱਤਵਾਦ ਹੁਣ ਭਿਆਨਕ ਰੂਪ ਅਖਤਿਆਰ ਕਰ ਚੁੱਕਾ ਹੈ। ਜਿਸ ਦੇ ਖਾਤਮੇ ਲਈ ਸਰਕਾਰ ਨੂੰ ਕਾਰਗਰ ਉਪਰਾਲੇ ਕਰਨ ਦੀ ਅਤਿਅੰਤ ਲੋੜ ਹੈ। ਇਸ ਤੋਂ ਇਲਾਵਾ ਉਨ੍ਹਾਂ ਹੋਰ ਕਿਹਾ ਕਿ ਆਉਣ ਵਾਲੀ 15 ਮਾਰਚ ਨੂੰ ਸਵ. ਕਾਂਸ਼ੀਰਾਮ ਦੇ ਜਨਮ ਦਿਨ ਮੌਕੇ ਬਸਪਾ ਦੀ ਸਥਾਪਨਾ ਦੀ 25ਵੀਂ ਵਰ੍ਹੇਗੰਢ ਦਾ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਇਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿਚ ਲਗਪਗ 25 ਲੱਖ ਲੋਕ ਇਕੱਠੇ ਹੋਣਗੇ।

ਅਮਿੱਟ ਯਾਦਾਂ ਛੱਡਦਾ ਹੋਇਆ ਸੰਤ ਭਿੰਡਰਾਂਵਾਲੇ ਯਾਦਗਾਰੀ ਕਬੱਡੀ ਟੂਰਨਾਮੈਂਟ ਸੰਪੂਰਨ

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ, ਸੰਤ ਬਾਬਾ ਹਰਨਾਮ ਸਿੰਘ ਖਾਲਸਾ, ਚੇਅਰਮੈਨ ਐਚ. ਐਸ. ਬਰਾੜ ਅਤੇ ਹੋਰ ਸ਼ਖਸ਼ੀਅਤਾਂ ਵੱਲੋਂ ਕੇਸਾਧਾਰੀ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ

ਪਹਿਲਾ ਇਨਾਮ ਅਤੇ ਕੱਪ ਲੰਡੇ ਨੇ ਜਿੱਤਿਆ

ਸਮਾਲਸਰ, 15 ਫਰਵਰੀ (ਭੁਪਿੰਦਰ ਸਿੰਘ ਖਾਲਸਾ) ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆ ਦੀ ਯਾਦ ਨੂੰ ਸਮਰਪਿਤ ਤੀਜਾ ਕਬੱਡੀ ਟੂਰਨਾਮੈਂਟ ਖ਼ਾਲਸਾ ਸਟੇਡੀਅਮ ਪਿੰਡ ਰੋਡੇ (ਮੋਗਾ) ਵਿਖੇ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਅੱਜ ਸਮਾਪਤ ਹੋ ਗਿਆ। ਇਸ ਯਾਦਗਾਰੀ ਟੂਰਨਾਮੈਂਟ ਦਾ ਉਦਘਾਟਨ ਕੈਪਟਨ ਹਰਚਰਨ ਸਿੰਘ ਰੋਡੇ (ਭਰਾਤਾ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ) ਨੇ ਕੀਤਾ। ਇਹ ਟੂਰਨਾਮੈਂਟ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸ. ਹਰਜੀਤ ਸਿੰਘ ਸਰਪੰਚ ਗੁਰੂਪੁਰਾ, ਸ. ਜਗਸੀਰ ਸਿੰਘ ਮੈਂਬਰ, ਸ. ਜਗਤਾਰ ਸਿੰਘ ਰੋਡੇ, ਸ. ਲਖਵਿੰਦਰ ਸਿੰਘ ਪ੍ਰਧਾਨ, ਦੁੱਲਾ ਸਿੰਘ, ਸੁੱਚਾ ਸਿੰਘ ਸਮੂਹ ਮੈਂਬਰ, ਸ. ਛਿੰਦਰ ਸਿੰਘ ਮੈਂਬਰ, ਸ. ਮੱਖਣ ਸਿੰਘ ☛(ਬਾਕੀ ਸਫਾ 2 'ਤੇ)

ਸੰਤ ਬਾਬਾ ਦਾਨ ਸਿੰਘ ਲਦਾਈਕੇ ਵਾਲੇ ਪ੍ਰਲੋਕ ਗਮਨ ਕਰ ਗਏ

ਅੰਤਿਮ ਸਸਕਾਰ ਮੌਕੇ ਭਾਰੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ਧਾਰਮਿਕ ਅਤੇ ਰਾਜਨੀਤਕ ਸਖਸ਼ੀਅਤਾਂ ਪੁੱਜੀਆਂ

ਸਮਾਲਸਰ, 15 ਫਰਵਰੀ (ਕਮਲਜੀਤ ਭੋਲਾ/ਭੁਪਿੰਦਰ ਸਿੰਘ)-ਗੁਰਦੁਆਰਾ ਕਲਿਆਨਸਰ ਪਾਤਸ਼ਾਹੀ ਛੇਵੀਂ ਲਦਾਈਕੇ (ਮੋਗਾ) ਦੇ ਮੁੱਖ ਸੇਵਾਦਾਰ ਅਤੇ ਇਲਾਕੇ ਦੀ ਉੱਘੀ ਧਾਰਮਿਕ ਹਸਤੀ ਸੰਤ ਬਾਬਾ ਦਾਨ ਸਿੰਘ ਬੀਤੇ ਦਿਨ ਪ੍ਰਲੋਕ ਗਮਨ ਕਰ ਗਏ। ਅੱਜ ਉਨ੍ਹਾਂ ਦੀ ਦੇਹ ਨੂੰ ਗੁਰਦੁਆਰਾ ਕਲਿਆਨਸਰ ਲਦਾਈਕੇ (ਮੋਗਾ) ਵਿਖੇ ਅਗਨ ਭੇਂਟ ਕੀਤਾ ਗਿਆ। ਇਸ ਸਮੇਂ ਦਮਦਮੀ ਟਕਸਾਲ ਮਹਿਤਾ ਚੌਂਕ ਦੇ ਰਾਗੀ ਜੱਥਿਆਂ ਭਾਈ ਬਲਵੀਰ ਸਿੰਘ ਨੇ ਕੀਰਤਨ ਕੀਤਾ। ਉਨ੍ਹਾਂ ਦੇ ਅੰਤਿਮ ਸਸਕਾਰ ਸਮੇਂ ਜ਼ਿਲ੍ਹਾ ਮੋਗਾ ਤੋਂ ਹੀ ਨਹੀਂ ਬਲਕਿ ਪੰਜਾਬ ਭਰ ਤੋਂ ਸੰਗਤਾਂ ਬਹੁਤ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਦਰਸ਼ਨਾਂ ਲਈ ਲਦਾਈਕੇ ਵਿਖੇ ਪਹੁੰਚੀਆਂ। ਇਨ੍ਹਾਂ ਪਹੁੰਚੀਆਂ ਸਖਸ਼ੀਅਤਾਂ ਵਿੱਚ ਸੰਤ ਵੀਰ ਸਿੰਘ ਮੱਦੋਕੇ, ਸੰਤ ਦਰਸ਼ਨ ਸਿੰਘ ਪੰਜਗਰਾਈਂ, ਸੰਤ ਜਸਦੇਵ ਸਿੰਘ, ਬਾਬਾ ਸਤਨਾਮ ਸਿੰਘ ਰਾਜੇਆਣਾ, ਗਿਆਨੀ ਅਵਤਾਰ ਸਿੰਘ ਬੱਧਨੀ ਕਲਾਂ, ਗਿਆਨੀ ਜੰਗੀਰ ਸਿੰਘ ਲੇਲੇਵਾਲੇ, ਸੰਤ ਕ੍ਰਿਪਾਲ ਸਿੰਘ ਭੂਰੀ ਵਾਲੇ, ਸੰਤ ਸੁਰਜੀਤ ਸਿੰਘ ਮਹਿਰੋ, ਗਿਆਨ ਛਿੰਦਰ ਸਿੰਘ ਦੁਸਾਂਝ, ਗਿਆਨੀ ਛਿੰਦਰ ਸਿੰਘ ਜੈਮਲਵਾਲਾ, ਸੰਤ ਕੁਲਦੀਪ ਸਿੰਘ ਧੱਲੇ ਕੇ, ਸੰਤ ਮਹਿੰਦਰ ਸਿੰਘ ਸਨੇਰ, ਸੰਤ ਬਲਵੀਰ ਸਿੰਘ ਧੂਰਕੋਟ, ਸੰਤ ਸੁਰਜੀਤ ਸਿੰਘ ਮਹਿਰੋਂ, ਸੰਤ ਭਾਗ ਸਿੰਘ ਨੱਥੋ ਕੇ, ਗਿਆਨੀ ਭੋਲਾ ਸਿੰਘ, ਗਿਆਨੀ ਭੁਪਿੰਦਰ ਸਿੰਘ ਬੋਪਾਰਾਏ, ਬਾਬਾ ਰਾਮ ਸਿੰਘ, ਸੰਤ ਸੁਰਜੀਤ ☛(ਬਾਕੀ ਸਫਾ 2 'ਤੇ)

'ਕੋਠੇ ਖੜਕ ਸਿੰਘ' ਵਾਲੇ ਰਾਮ ਸਰੂਪ ਅਣਖੀ ਨਹੀਂ ਰਹੇ

ਰਾਮਬਾਗ ਬਰਨਾਲਾ ਵਿਖੇ ਸੈਂਕੜੇ ਲੇਖਕਾਂ, ਬੁੱਧੀਜੀਵੀਆਂ ਵੱਲੋਂ ਸੇਜਲ ਅੱਖਾਂ ਨਾਲ ਅੰਤਿਮ ਸਸਕਾਰ

ਤਪਾ ਮੰਡੀ, 15 ਫਰਵਰੀ (ਯਾਦੂ/ਸੀ. ਮਾਰਕੰਡਾ) – ਹਿੰਦੀ ਅਤੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਅਤੇ ਕਹਾਣੀਕਾਰ ਸ਼੍ਰੀ ਰਾਮ ਸਰੂਪ ਅਣਖੀ ਦੀ ਐਤਵਾਰ ਰਾਤ ਨੂੰ ਮੌਤ ਹੋ ਗਈ। ਉਹ 78 ਸਾਲਾਂ ਦੇ ਸਨ। ਸ਼੍ਰੀ ਰਾਮ ਸਰੂਪ ਅਣਖੀ ਨੂੰ ਰਾਤੀਂ 11 ਵਜੇ ਖੂਨ ਦੀ ਉਲਟੀ ਆਈ। ਉਨ੍ਹਾਂ ਦੇ ਸਪੁੱਤਰ ਕਰਾਂਤੀਪਾਲ ਜਦੋਂ ਸ਼੍ਰੀ ਅਣਖੀ ਨੂੰ ਹਸਪਤਾਲ ਲੈਕੇ ਜਾ ਰਹੇ ਸਨ ਤਾਂ ਉਹ ਰਾਹ ਵਿੱਚ ਹੀ ਦਮ ਤੋੜ ਗਏ। ਰਾਮ ਸਰੂਪ ਅਣਖੀ ਸਿਹਤ ਪੱਖੋਂ ਤੰਦਰੁਸਤ ਸਨ ਅਤੇ ਰੋਜ਼ਾਨਾਂ ਦੀ ਤਰ੍ਹਾਂ ਆਪਣਾ ਨਵਾਂ ਨਾਵਲ 9 ਵਜੇ ਤੱਕ ਲਿਖਕੇ ਹਟੇ ਸਨ। ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਤਕਲੀਫ ਨਹੀਂ ਸੀ। ਤਪਾ ਨੇੜਲੇ ਪਿੰਡ ਧੌਲਾ ਵਿਖੇ ਸ਼੍ਰੀ ਰਾਮ ਸਰੂਪ ਅਣਖੀ ਦਾ ਜਨਮ 28 ਅਗਸਤ 1932 ਨੂੰ ਪੰਡਤ ਇੰਦਰਸੈਨ ਮਾਰਕੰਡਾ ਦੇ ਘਰ ਹੋਇਆ । ਉਨ੍ਹਾਂ ਐਮ.ਏ.ਬੀ.ਟੀ. ਤੱਕ ਦੀ ਡਿਗਰੀ ਹਾਸਲ ਕੀਤੀ ਹੋਈ ਸੀ ਅਤੇ ਅਧਿਆਪਕ ਦੇ ਤੌਰ 'ਤੇ ਪੰਜਾਬ ਦੇ ਅਨੇਕਾਂ ਸਰਕਾਰੀ ਸਕੂਲਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਸ਼੍ਰੀ ਰਾਮ ਸਰੂਪ ਅਣਖੀ ਨੇ ਆਪਣੀ ਸਾਹਿਤਕ ਯਾਤਰਾ ਇੱਕ ਕਵੀ ਦੇ ਰੂਪ ਵਿੱਚ ਸ਼ੁਰੂ ਕੀਤੀ। ਉਨ੍ਹਾਂ ਦਾ ਪਹਿਲਾਂ ਕਾਵਿ ਸੰਗ੍ਰਹਿ 'ਮਟਕ ਚਾਨਣਾ' ਪ੍ਰਕਾਸ਼ਤ ਹੋਇਆ ਸੀ। ਉਨ੍ਹਾਂ ਦੇ ਹੁਣ ਤੱਕ 16 ਨਾਵਲ ਅ ਤੇ ☛(ਬਾਕੀ ਸਫਾ 2 'ਤੇ)

ਮੁੱਖ ਮੰਤਰੀ ਬਾਦਲ, ਹੋਰਨਾਂ ਅਨੇਕਾਂ ਵਲੋਂ ਮਹਿਬੂਬ, ਅਣਖੀ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ

ਚੰਡੀਗੜ੍ਹ, 15 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤ ਅਕਾਦਮੀ ਐਵਾਡਰ ਜੇਤੂਆਂ ਸ੍ਰੀ ਹਰਿੰਦਰ ਸਿੰਘ ਮਹਿਬੂਬ ਅਤੇ ਸ੍ਰੀ ਰਾਮ ਸਰੂਪ ਅਣਖੀ ਦੇ ਅਕਾਲ ਚਲਾਣੇ ਉੱਤੇ ਡੂੰਘੇ ਦੁੱਖ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਇੱਕ ਸ਼ੋਕ ਸੁਨੇਹੇ ਵਿੱਚ ਮੁੱਖ ਮੰਤਰੀ ਨੇ ਸ੍ਰੀ ਹਰਿੰਦਰ ਸਿੰਘ ਮਹਿਬੂਬ ਅਤੇ ਸ੍ਰੀ ਰਾਮ ਸਰੂਪ ਅਨਖੀ ਵਲੋਂ ਪੰਜਾਬ ਦੇ ਸਭਿਆਚਾਰਕ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਨਾਲ ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਤਰੱਕੀ ਲਈ ਵਿਲੱਖਣ ਯੋਗਦਾਨ ਪਾਇਆ। ਜਿਨਾਂ ਦੀਆਂ ਰਚਨਾਂਵਾ ਨੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਉਨਾਂ ਕਿਹਾ ਕਿ ਸ੍ਰੀ ਹਰਿੰਦਰ ਸਿੰਘ ਮਹਿਬੂਬ ਅਤੇ ਸ੍ਰੀ ਰਾਮ ਸਰੂਪ ਅਣਖੀ ਦੀ ਮੌਤ ਨਾਲ ਪੰਜਾਬੀ ਸਾਹਿਤ ਜਗਤ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ. ਬਾਦਲ ਨੇ ਦੁਖੀ ਪਰਿਵਾਰਾਂ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਇਸ ਅਸਹਿ ਦੁੱਖ ਨੂੰ ਸਹਿਣ ਦੀ ਸਕਤੀ ਅਤੇ ਹੌਸਲਾ ਦੇਣ ☛(ਬਾਕੀ ਸਫਾ 2 'ਤੇ)

ਲਿਖਦਿਆਂ ਲਿਖਦਿਆਂ ਅਣਖੀ ਵੀ ਤੁਰ ਗਿਆ...

ਕੋਮਲ ਸਿੰਘ

ਪੰਜਾਬੀ ਸਾਹਿਤ ਦੇ ਅੰਬਰ ਦਾ ਇੱਕ ਹੋਰ ਤਾਰਾ ਰਾਮਸਰੂਪ ਅਣਖੀ ਉਦੋਂ ਤੁਰ ਗਿਆ ਜਦੋਂ ਪੰਜਾਬੀ ਪਾਠਕ ਭਾਈਚਾਰਾ ਸੰਤੋਖ ਸਿੰਘ ਧੀਰ ਨੂੰ ਤੋਰ ਕੇ ਹਟਿਆ ਹੀ ਸੀ। ਅਣਖੀ ਦੇ ਅਨੰਤ ਸਫ਼ਰ ਦਾ ਸਾਥੀ ਹਰਿੰਦਰ ਸਿੰਘ ਮਹਿਬੂਬ ਵੀ ਬਣ ਗਿਆ। ਰਾਮ ਸਰੂਪ ਅਣਖੀ ਦੇ ਜਾਣ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਉਸ ਦੇ ਲਿਖਣ ਅਤੇ ਬੋਲਣ ਦੀ ਗਤੀ ਤੋਂ ਉਹ ਲੰਮੀ ਦੌੜ ਲਾਉਣ ਵਾਲਾ ਮੈਰਾਥਨ ਦੌੜਾਕ ਲੱਗਦਾ ਸੀ। ਅਣਖੀ ਨੇ ਲਗਭਗ ਅੱਧੀ ਸਦੀ ਪੰਜਾਬੀ ਸਾਹਿਤ ਦੀ ਅਣਥੱਕ ਸੇਵਾ ਕੀਤੀ। ਉਸ ਨੇ ਨਿੱਠ ਕੇ ਜ਼ਿੰਮੇਵਾਰੀ ਨਾਲ ਸਾਹਿਤ ਰਚਨਾ ਕੀਤੀ। 'ਘੁੜੇ-ਟੱਟੇ', 'ਪ੍ਰਤਾਪੀ', 'ਕੋਠੇ ਖੜਕ ਸਿੰਘ' ਕਲਾਸਿਕ ਨਾਵਲਾਂ ਦਾ ਰੁਤਬਾ ਰੱਖਦੇ ਹਨ। ਉਸ ਨੇ ਪਹਿਲਾਂ ਕਵਿਤਾ, ਫੇਰ ਕਹਾਣੀ ਅਤੇ ਮਗਰੋਂ ਨਾਵਲ ਲਿਖੇ। ਨਾਵਲ ਲਿਖਣ ਵੱਲ ਉਸ ਨੂੰ ਜਸਵੰਤ ਕੰਵਲ ਅਤੇ ਬਲਰਾਜ ਸਾਹਨੀ ਨੇ ਪ੍ਰੇਰਿਤ ਕੀਤਾ। ਅਣਖੀ ☛(ਬਾਕੀ ਸਫਾ 2 'ਤੇ)